# ਬੁਨਿਆਦੀ ਮੁੱਦਿਆਂ ਬਾਰੇ ਫ਼ੈਸਲਾ ਜ਼ਰੂਰੀ

ਵਿਚਾਰ-ਚਰਚਾ

ਗੁਰਸ਼ਰਨ ਸਿੰਘ



ਅਸੀਂ ਫ਼ੈਸਲਾ ਕਰਨਾ ਹੈ ਕਿ ਇਸ ਸਮਾਜ 'ਚ ਸਾਡੇ ਲਈ ਕਿਹੜੇ ਮੁੱਦੇ ਮਹੱਤਤਾ ਰੱਖਦੇ ਹਨ? ਅਸੀਂ ਲੋਕਾਂ ਨੂੰ ਕੀ ਵੰਗਾਰ ਦੇ ਸਕਦੇ ਹਾਂ? ਵਿਚਾਰ-ਚਰਚਾ 'ਚ ਇਹ ਗੱਲ ਵਾਰ-ਵਾਰ ਦੁਹਰਾਈ ਜਾ ਰਹੀ ਹੈ। ਬੁਨਿਆਦੀ ਗੱਲ ਇਹ ਦੱਸਣੀ ਜ਼ਰੂਰੀ ਹੈ ਕਿ ਇਸ ਪੈਸਾ ਪ੍ਰਧਾਨ ਨਿਜ਼ਾਮ 'ਚ ਦੇਸ਼ ਦੇ ਗ਼ਰੀਬਾਂ ਨੂੰ ਕਦੀ ਵੀ ਅਣਖ ਨਾਲ ਜੀਣਾ ਨਹੀਂ ਮਿਲ ਸਕਦਾ। ਅਣਖ ਨਾਲ ਜੀਣ ਦਾ ਮਤਲਬ ਹੈ, ਜਿੱਥੇ ਉਨ੍ਹਾਂ ਨੂੰ ਰੋਟੀ, ਕੱਪੜਾ, ਮਕਾਨ ਅਤੇ ਰੁਜ਼ਗਾਰ ਦੀ ਗਰੰਟੀ ਹੋਵੇ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਅੱਗੇ ਵਧਣ ਦੀਆਂ ਬਰਾਬਰ ਦੀਆਂ ਸਹੂਲਤਾਂ ਹੋਣ। ਹੁਣ ਵਾਲੇ ਨਿਜ਼ਾਮ 'ਚ ਇਹ ਕਿਉਂ ਮੁਮਕਿਨ ਨਹੀਂ? ਇਹ ਬੜੀਆਂ ਹੀ ਸਿੱਧੀਆਂ ਗੱਲਾਂ ਹਨ।

ਵੇਖਦਿਆਂ ਵੇਖਦਿਆਂ ਵਿੱਦਿਅਕ ਸਿਸਟਮ ਢਹਿ-ਢੇਰੀ ਹੋ ਗਿਆ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਢਹਿ-ਢੇਰੀ ਕਰ ਦਿੱਤਾ ਗਿਆ ਹੈ। ਨੁਕਸਾਨ ਕਿਸ ਨੂੰ ਹੋਇਆ? ਇਹ ਨਾ ਕਵੋ ਕਿ ਲੋਕਾਂ ਨੂੰ ਹੋਇਆ ਹੈ। ਸਗੋਂ ਇਹ ਕਵੋ ਕਿ ਗ਼ਰੀਬ ਲੋਕਾਂ ਨੂੰ ਹੋਇਆ ਹੈ। ਰੱਜੇ-ਪੁੱਜੇ ਲੋਕਾਂ ਨੇ ਆਪਣੇ ਬੱਚੇ ਪਬਲਿਕ ਸਕੂਲ 'ਚ ਪੜ੍ਹਾ ਹੀ ਲੈਣੇ ਹਨ। ਕਿਸੇ ਵੀ ਮੁੱਦੇ ਨੂੰ ਲਈਏ ਉਹਦੇ ਬਾਰੇ ਸਵਾਲ ਕਰੀਏ ਕਿ ਕਿਹੜੇ ਲੋਕ ਇਹਦੇ ਅਸਰ ਥੱਲੇ ਆਏ ਹਨ।

ਅਖ਼ਬਾਰਾਂ 'ਚ ਬੜਾ ਚਰਚਾ ਹੈ ਕਿ ਬਾਦਲ ਨੇ ਪੰਜਾਬ 'ਚ ਟੱਬਰ ਦਾ ਰਾਜ ਕਾਇਮ ਕੀਤਾ ਹੋਇਆ ਹੈ। ਰਾਮੂਵਾਲੀਆ ਬੋਲਦਾ ਹੈ, ਉਹ ਵੀ ਇਹ ਕਹਿੰਦਾ ਹੈ। ਜਗਮੀਤ ਬਰਾੜ ਬੋਲਦਾ ਹੈ, ਉਹ ਵੀ ਇਹ ਕਹਿੰਦਾ ਹੈ। ਚੰਦੂਮਾਜਰਾ ਬੋਲਦਾ ਹੈ, ਉਹ ਵੀ ਇਹੀ ਕਹਿੰਦਾ ਹੈ। ਭੱਠਲ ਬੋਲਦੀ ਹੈ, ਉਹ ਵੀ ਇਹੀ ਕਹਿੰਦੀ ਹੈ। ਸਾਡੇ ਕਾਮਰੇਡ ਵੀ ਇਹ ਕਹਿੰਦੇ ਹਨ। ਭਾਸ਼ਨਾਂ ਨੂੰ ਸਵਾਦਲਾ ਬਣਾਉਣ ਲਈ ਬਾਦਲ, ਸੁਖਬੀਰ ਅਤੇ ਸੁਰਿੰਦਰ ਕੌਰ ਬਾਰੇ ਲਤੀਫ਼ੇ ਵੀ ਘੜਦੇ ਹਨ। ਬੀਬੀ ਸੁਰਿੰਦਰ ਕੌਰ ਨੂੰ ਸੁਖਬੀਰ ਦੀ ਜਿੱਤ 'ਤੇ ਵਧਾਈ ਦਿੱਤੀ ਗਈ। ਉਹਦਾ ਜਵਾਬ ਸੀ ਕਾਹਦੀ ਵਧਾਈ? ਵਧਾਈ ਤੇ 40 ਕਰੋੜ ਨੂੰ ਦੇਵੋ ਜਿਸ ਸਦਕੇ ਇਹ ਜਿੱਤ ਮੁਮਕਿਨ ਹੋਈ। ਬਾਦਲ ਦਾ ਟੱਬਰ ਰਾਜ ਸੱਤਾ ਚਲਾ ਰਿਹਾ ਹੈ। ਫੇਰ? ਇਹ ਕਿਸੇ ਬਰਾੜ ਦਾ ਟੱਬਰ ਚਲਾਏ ਜਾਂ ਕੋਈ ਹੋਰ ਦਾ ਟੱਬਰ ਚਲਾਏ, ਗ਼ਰੀਬ ਲੋਕਾਂ ਦੀ ਸਿਹਤ 'ਤੇ ਇਹਦਾ ਕੀ ਫ਼ਰਕ ਪੈਂਦਾ ਹੈ? ਫੇਰ ਕਿਉਂ ਆਪਣੀ ਤਾਕਤ ਜਾਂ ਸਮਾਂ ਇਸ ਮੁੱਦੇ 'ਤੇ ਲਗਾਇਆ ਜਾਏ। ਹਾਂ ਇਹ ਮੁੱਦਾ ਇਸ ਨਿਜ਼ਾਮ ਦੇ ਲੋਕ ਮਾਰੂ ਅਤੇ ਗ਼ੈਰ ਜਮਹੂਰੀ ਲੱਛਣ ਨੂੰ ਦੱਸਣ ਵਾਸਤੇ ਵਰਤਿਆ ਜਾਏ ਤਾਂ ਹੀ ਕੁੱਝ ਤੁੱਕ ਬਣਦਾ ਹੈ। ਲਤੀਫ਼ੇਬਾਜ਼ੀ ਦਾ ਕੋਈ ਅਰਥ ਨਹੀਂ।

ਹਾਂ, ਫ਼ਰਕ ਪੈਂਦਾ ਹੈ, ਜੇ ਇਹ ਸਮਝਾਇਆ ਜਾਏ ਕਿ ਇਸ ਨਿਜ਼ਾਮ ਨੂੰ ਬਦਲੇ ਬਿਨਾ ਸਾਧਾਰਨ ਲੋਕਾਂ ਦੀ ਕੋਈ ਮੁਕਤੀ ਨਹੀਂ। ਸਾਡਾ ਫ਼ਰਜ਼ ਬਣਦਾ ਹੈ ਕਿ ਲੋਕਾਂ ਨੂੰ ਬਾਰ-ਬਾਰ ਇਕੋ ਨੁਕਤੇ 'ਤੇ ਚੇਤਨ ਕਰੀਏ ਕਿ ਇਸ ਨਿਜ਼ਾਮ ਨੂੰ ਬੁਨਿਆਦੀ ਤੌਰ 'ਤੇ ਬਦਲਣਾ ਜ਼ਰੂਰੀ ਹੈ।

ਭ੍ਰਿਸ਼ਟਾਚਾਰ ਖ਼ਤਮ ਹੋਣਾ ਚਾਹੀਦਾ ਹੈ। ਹਰ ਇਕ ਨੌਕਰੀ ਦਾ ਮੁੱਲ ਹੈ। ਲਿਆਕਤ ਨੂੰ ਕੋਈ ਪੁੱਛਦਾ ਨਹੀਂ। ਸਵਾਲ ਅੱਗੇ ਲਿਜਾਣਾ ਇਹ ਬਣਦਾ ਹੈ ਕਿ ਇਹ ਕਿਹੋ ਜਿਹਾ ਨਿਜ਼ਾਮ ਹੈ, ਜਿੱਥੇ ਇਹ ਸਾਰਾ ਦੁਰਪ੍ਰਬੰਧ ਮੁਮਕਿਨ ਹੈ? ਪ੍ਰਕਾਸ਼ ਸਿੰਘ ਮਜੀਠਿਆ 2 ਸਾਲ ਮੰਜੇ ਤੋਂ ਉੱਠਿਆ ਨਹੀਂ। ਉਹਦੇ ਹੱਥ ਏਨੇ ਕੰਬਦੇ ਸਨ ਕਿ ਉਹ ਦਸਤਖ਼ਤ ਵੀ ਨਹੀਂ ਕਰ ਸਕਦਾ ਸੀ। ਪਰ ਉਹ ਵਜ਼ੀਰ ਬਣ ਗਿਆ, ਪੰਜਾਬ ਦੀ ਸਿਹਤ ਨੂੰ ਕੋਈ ਫ਼ਰਕ ਨਹੀਂ ਪਿਆ। ਜੇ ਉਹ ਅਸਤੀਫ਼ਾ ਦੇ ਦੇਂਦਾ ਤਾਂ ਵੀ ਕੋਈ ਫ਼ਰਕ ਨਹੀਂ ਪੈਣਾ ਸੀ। ਸਾਰਾ ਨਿਜ਼ਾਮ ਆਪਣੀਆਂ ਗ਼ਰੀਬ ਦੁਸ਼ਮਣ ਨੀਤੀਆਂ ਨਾਲ ਚੱਲ ਰਿਹਾ ਹੈ। ਗ਼ਰੀਬਾਂ ਲਈ ਇਹ ਦੁਰਪ੍ਰਬੰਧ ਹੈ। ਇਸ ਨੂੰ ਮਿਸਾਲਾਂ ਦੇ ਕੇ ਸਿੱਧ ਕਰਨਾ ਬੁਨਿਆਦੀ ਨੁਕਤਾ ਹੈ।

ਅਗਲੀ ਵਜ਼ਾਰਤ ਦੀ ਇਹ ਦੇਣ ਹੈ ਅਤੇ ਉਨ੍ਹਾਂ ਦਾ ਇਹ ਦਾਅਵਾ ਹੈ ਕਿ ਪੇਂਡੂ ਇਲਾਕਿਆਂ ਵਿਚ ਲੋਕ ਭਲਾਈ ਦੀਆਂ ਸੰਸਥਾਵਾਂ ਖੋਲ੍ਹੀਆਂ ਹਨ। ਕਾਂਗਰਸ ਦੇ ਮੁਕਾਬਲੇ ਵਿਚ ਉਨ੍ਹਾਂ ਦੇ ਇਸ ਦਾਅਵੇ 'ਚ ਕੁੱਝ ਸਚਾਈ ਵੀ ਹੈ, ਪਰ ਸਵਾਲ ਕਰਨਾ ਬਣਦਾ ਹੈ ਕਿ ਪੇਂਡੂ ਗ਼ਰੀਬ ਦਾ ਕੀ ਭਲਾ ਹੋਇਆ ਹੈ? ਜਵਾਬ ਨਹੀਂ ਹੋਵੇਗਾ। ਅੱਗੋਂ ਚੇਤਨਾ ਦਾ ਅਮਲ ਤਾਂ ਹੀ ਤੀਖਣ ਹੋਵੇਗਾ, ਜੇਕਰ ਇਹ ਦੱਸਿਆ ਜਾਏ ਕਿ ਇਸ ਨਿਜ਼ਾਮ 'ਚ ਇਹੋ ਹੀ ਨਹੀਂ ਸਕਦਾ। ਇਥੇ ਹੀ ਇਨਕਲਾਬੀ ਸਿਆਸਤ ਦੀ ਭੂਮਿਕਾ ਆਉਂਦੀ ਹੈ।

ਇਹ ਹਕੀਕਤ ਸਿੱਧ ਹੋ ਚੁੱਕੀ ਕਿ ਇਸ ਨਿਜ਼ਾਮ 'ਚ ਗ਼ਰੀਬ ਬੰਦੇ ਦਾ ਭਲਾ ਹੋ ਹੀ ਨਹੀਂ ਸਕਦਾ। ਇਸ ਹਕੀਕਤ ਤੋਂ ਇਲਾਵਾ ਬਾਕੀ ਸਭ ਕੁੱਝ ਹਵਾ 'ਚ ਤਲਵਾਰਾਂ ਹਨ। ਅਸੀਂ ਬਹੁਤ ਵਾਰੀ ਗ਼ੈਰ ਜ਼ਰੂਰੀ ਮੁੱਦਿਆਂ 'ਚ ਉਲਝੇ ਰਹਿੰਦੇ ਹਾਂ। ਚੋਣਾਂ 'ਚ ਹਿੱਸਾ ਲੈਣਾ ਜਾਂ ਨਾ ਲੈਣਾ ਕੋਈ ਵੱਡਾ ਮੁੱਦਾ ਨਹੀਂ। ਇਸ ਬਾਰੇ ਇਕੋ ਨੁਕਤਾ ਕੇਂਦਰੀ ਨੁਕਤਾ ਹੈ ਕਿ ਚੋਣਾਂ ਦੀ ਵਰਤੋਂ ਲੋਕ ਚੇਤਨਾ ਨੂੰ ਪ੍ਰਚੰਡ ਕਰਦੀ ਹੈ ਜਾਂ ਖੁੰਡਿਆਂ ਕਰਦੀ ਹੈ, ਇਸਦੇ ਬਾਰੇ ਫ਼ੈਸਲਾ ਕਰਕੇ ਦਾਓਪੇਚ ਘੜੇ ਜਾ ਸਕਦੇ ਹਨ। ਆਪਸੀ ਵਿਰੋਧਤਾ ਦਾ ਕੋਈ ਤੁੱਕ ਨਹੀਂ।

**ਪਿੱਛੋਂ ਲਿਖਿਆ ਨੋਟ :** ਚੇਤਨਾ ਦੇ ਇਸ ਅਮਲ 'ਚ ਲੇਖਕਾਂ ਦੀ ਇਕ ਭੂਮਿਕਾ ਹੈ। ਉਨ੍ਹਾਂ ਦੀ ਸੋਚ ਇਸ ਬਾਰੇ ਸਾਫ਼ ਹੋਣੀ ਜ਼ਰੂਰੀ ਹੈ। ਇਸ ਬਾਰੇ ਵਿਚਾਰ-ਵਟਾਂਦਰਾ ਜ਼ਰੂਰੀ ਹੈ। 19-20 ਮਈ ਦੀ ਦਰਮਿਆਨੀ ਰਾਤ ਮੁਸਾਫ਼ਿਰ ਆਡੀਟੋਰੀਅਮ ਚੰਡੀਗੜ੍ਹ 'ਚ ਬੁਨਿਆਦੀ ਨੁਕਤੇ ਬਾਰੇ ਇਕ ਵਿਚਾਰ ਗੋਸ਼ਟੀ ਮਿੱਥੀ ਗਈ ਹੈ। ਇਹ ਕਲਚਰ ਸੈਂਟਰ ਪੰਜਾਬ ਵੱਲੋਂ ਹੋਵੇਗੀ।

4th March, 2001